# ਗੁਰ ਗਿਆਨ ਲਰਨਿੰਗ ਸੈਂਟਰ
**(ਔਨ ਲਾਈਨ ਅਕੈਡਮੀ)**

gurgyanlearningcentre@gmail.com Website: www.sikhcommunity.net

Phone: +1-639-590-4464


******************************************************************************

# ਭਾਈ ਮਰਦਾਨਾ ਜੀ

ਭਾਈ ਮਰਦਾਨਾ ਜੀ ਦਾ ਜਨਮ: ਸੰਨ ਈਸਵੀ 1459 ਨੂੰ ਰਾਇ ਭੋਇੰ ਦੀ ਤਲਵੰਡੀ (ਗੁਰੂ ਨਾਨਕ ਪਾਤਸ਼ਾਹ ਜੀ ਦੇ ਪਿੰਡ ਵਿੱਚ) **ਹੋਇਆ। ਉਹ** ਗੁਰੂ ਨਾਨਕ ਪਾਤਸ਼ਾਹ ਜੀ ਤੋਂ ਉਮਰ ਵਿੱਚ 10 ਸਾਲ ਵੱਡਾ ਸੀ। ਉਹਨਾਂ ਦੇ

ਪਿਤਾ ਜੀ ਦਾ ਨਾਮ: ਭਾਈ ਬਦਰਾ ਜੀ।

ਮਾਤਾ ਜੀ ਦਾ ਨਾਮ: ਮਾਤਾ ਲੱਖੋ ਜੀ।

ਸੰਤਾਨ: ਦੋ ਪੁੱਤਰ (ਸ਼ਾਹਜ਼ਾਦਾ ਤੇ ਰਈਜ਼ਾਦਾ) ਅਤੇ ਇੱਕ ਬੇਟੀ ਸੀ।

ਕੁਦਰਤੀਂ ਇਹਨਾਂ ਦੇ ਘਰ ਵਿੱਚ ਜੋ ਵੀ ਬੱਚੇ ਦਾ ਜਨਮ ਹੁੰਦਾ ਸੀ ਉਹ ਜਨਮ ਤੋਂ ਬਾਦ ਮਰ ਜਾਂਦਾ ਸੀ। ਜਦੋਂ ਇਹਨਾਂ ਦਾ ਜਨਮ ਹੋਇਆ ਤਾਂ ਮਾਂ ਨੇ ਨਾਮ 'ਮਰਜਾਣਾ' ਰਖ ਦਿੱਤਾ ਕਿ 'ਇਸ ਨੇ ਤਾਂ ਮਰ ਹੀ ਜਾਣਾ ਹੈ'।

ਮੁਸਲਿਮ ਪਰਿਵਾਰ: ਜਾਤ ਮੀਰਾਸੀ

ਮੀਰਾਸ, ਮੀਰਾਸੀ ਅਤੇ ਜਜਮਾਨ ਕੀ ਹੁੰਦਾ ਹੈ?

ਮੀਰਾਸ ਕੀ ਹੁੰਦਾ ਹੈ? : ਵਿਰਾਸਤ (ਵਿਰਸੇ ਵਿੱਚ ਮਿਲੀ ਜਾਇਦਾਦ)

ਮੀਰਾਸੀ ਕੌਣ ਹੁੰਦੇ ਹਨ: ਲੋਕਾਂ ਦੇ ਘਰ ਅੱਗੇ ਖਲੋਅ ਕੇ ਉਹਨਾਂ ਦੀ 'ਪਿਤਾ ਪੁਰਖੀ ਜਾਇਦਾਦ ਅਤੇ ਉਹਨਾਂ ਦੇ ਗੁਣਾਂ ਨੂੰ' ਗਾਉਂਦੇ ਹੁੰਦੇ ਸਨ। ਲੋਕ ਇਹਨਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਉਹਨਾਂ ਨੂੰ ਕਪੜੇ ਜਾਂ ਖਾਣ-ਪੀਣ ਵਾਲੀਆਂ ਵਸਤਾਂ ਦਾਨ ਵਜੋਂ ਦੇ ਦਿੰਦੇ ਅਤੇ ਕਦੀ ਕਦੀ ਕੁੱਝ ਟਾਵੇਂ ਟਾਵੇਂ ਵਿਰਲੇ ਪਰਿਵਾਰ ਇਹਨਾਂ ਨੂੰ ਥੋੜੇ ਜਿਹੇ ਪੈਸੇ ਵੀ ਦੇ ਦਿੰਦੇ ਸਨ।

ਇਸ ਦੇ ਨਾਲ ਨਾਲ ਉਹ ਲੋਕਾਂ ਦੇ ਖੁਸ਼ੀ ਗਮੀ ਦੇ ਸਨੇਹੇ ਦੂਰ ਦੂਰ ਤੱਕ ਉਹਨਾਂ ਦੇ ਰਿਸਤੇਦਾਰਾਂ ਨੂੰ ਦਿੰਦਾ ਹੁੰਦਾ ਸੀ।

ਜਜਮਾਨ ਕੀ ਹੁੰਦਾ ਹੈ: ਜਿਹਨਾਂ ਲੋਕਾਂ ਦੇ ਘਰੋਂ ਇਹਨਾਂ ਦਾ ਗੁਜ਼ਾਰਾ ਹੁੰਦਾ ਸੀ ਉਹਨਾਂ ਨੂੰ 'ਮੀਰਾਸੀ' ਆਪਣੇ 'ਜਜਮਾਨ' ਕਿਹਾ ਕਰਦੇ ਸਨ।

ਮੀਰਾਸੀ ਦੀ ਜੀਵਨ ਸ਼ੈਲੀ: ਇਹ ਹਰ ਗੱਲ ਨੂੰ ਹਮੇਸ਼ਾਂ ਹੀ ਮਜ਼ਾਕੀਆ ਲਹਿਜ਼ੇ ਵਿੱਚ ਕਰਦੇ ਹੁੰਦੇ ਸਨ ਅਤੇ ਬਹੁਤ ਹੀ ਹਾਜ਼ਰ ਜਵਾਬੀ ਹੁੰਦੇ ਸਨ। ਖੁਸ਼ ਤਬੀਅਤ ਦੇ ਮਾਲਿਕ ਹੁੰਦੇ ਸਨ ਅਤੇ ਆਪ ਵੀ ਖੁਸ਼ ਰਹਿੰਦੇ ਅਤੇ ਦੂਸਰਿਆਂ ਨੂੰ ਵੀ ਖੁਸ਼ੀ ਵੰਡਦੇ ਸਨ। ਲੰਬਾ ਰਸਤਾ ਪੈਦਲ ਤਹਿ ਕਰਿਆ ਕਰਦੇ ਸਨ ਅਤੇ ਰੱਬ ਦੀ ਸਿਫਤ ਸਲਾਘਾ ਦੇ ਗੀਤ ਗਾਉਂਦੇ ਸਨ।

ਮਰਦਾਨਾਂ ਜੀ ਰਬਾਬ ਵੀ ਬਹੁਤ ਸੋਹਣੀ ਵਜਾਉਂਦੇ ਸਨ। ਇੱਕ ਦਿਨ ਇਹ ਆਪਣੇ ਪਿਤਾ ਨਾਲ ਲੋਕਾਂ ਦੇ ਘਰ ਦੇ ਅੱਗੇ ਇਹ ਰਬਾਬ ਨਾਲ ਗਾਉਂਦੇ ਨੂੰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਮਨ ਨੂੰ ਬਹੁਤ ਪਿਅਰਾ ਲੱਗਿਆ ਤਾਂ ਭਾਵੇਂ ਲੋਕ ਇਸ ਨੂੰ ਮਰਜਾਣਾ ਹੀ ਕਹਿੰਦੇ ਪਰ ਗੁਰੂ ਸਾਹਿਬ ਜੀ ਨੇ ਇਸ ਨੂੰ ਮਰ ਜਾਣਾ ਦੀ ਬਿਜਾਏ ‘ਮਰਦਾਨਾ’ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਮਰਦਾਨਾ ਦੇ ਅਰਥ ਬਹਾਦੁਰ ਸੂਰਮਾ ਜੋ ਕਦੀ ਵੀ ‘ਮਰਦਾ ਨਾਂ’ ਭਾਵ ਸਦਾ ਅਮਰ ਰਹਿਣ ਵਾਲਾ।

ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਵਿੱਚ ਬਤੌਰ ਮੋਦੀ (Sales Manager) ਨੌਕਰੀ ਕਰਦੇ ਸਨ ਤਾਂ ਚੁਗਲ-ਖੋਰ ਅਤੇ ਨਿੰਦਕਾਂ ਵੱਲੋਂ ਭਰਮ ਜਾਲ ਦੀਆਂ ਖਬਰਾਂ ਸੁਣ ਕੇ ਮਹਿਤਾ ਕਾਲੂ ਵੀ ਨਿਰਾਸ਼ ਹੋ ਗਿਆ। ਉਸ ਨੇ ਭਾਈ ਮਾਰਦਾਨਾ ਜੀ ਨੂੰ ਭੇਜਿਆ ਕਿ ਕੁੱਝ ਚਿਰ ਨਾਨਕ ਜੀ ਕੋਲ ਸੁਲਤਾਨਪੁਰ ਵਿਖੇ ਰਹਿ। ਨਾਲੇ ਤਾਂ ਉਸ ਦਾ ਦਿਲ ਪ੍ਰਚਾਵਾ ਹੋ ਜਾਵੇਗਾ ਨਾਲੇ ਤੂੰ ਉਮਰ ਵਿੱਚ ਵੱਡਾ ਹੈਂ ਤੇਰੀ ਸੰਗਤ ਉਸ ਤੇ ਚੰਗਾ ਅਸਰ ਪਵੇਗਾ। ਇਸ ਸਮੇਂ ਮਰਦਾਨਾਂ ਜੀ ਦੀ ਉਮਰ 30 ਸਾਲ ਦੀ ਸੀ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਉਮਰ 20 ਸਾਲ ਦੀ ਸੀ।

ਮਰਦਾਨਾ ਜੀ ਦੇ ਆਉਣ ਤੇ ਗੁਰੂ ਸਾਹਿਬ ਜੀ ਬਹੁੱਤ ਖੁਸ਼ ਹੋਏ ਅਤੇ ਕਹਿਣ ਲੱਗੇ ਮਰਦਾਨਿਆਂ! ‘ਤੂੰ ਰਬਾਬ ਬਹੁਤ ਸੋਹਣੀ ਵਜਾਉਂਦਾ ਹੈ। ਜਦੋਂ ਇਸ ਨੂੰ ਰੱਬੀ ਸ਼ਬਦ ਵਜਾਵ ਕੇ ਉਸ ਅਰਸ਼ੀ ਪ੍ਰੀਤਮ ਨਿਰੰਕਾਰ ਜੀ ਦੀ ਸਿਫਤ ਦੇ ਰਸ ਵਿੱਚ ਭਿੱਜੇਂਗਾ ਤਾਂ ਕਮਾਲ ਹੋ ਜਾਵੇਗੀ। ਦੁੱਖਾਂ ਵਿੱਚ ਸੜਦੀ ਬਲਦੀ ਲੋਕਾਈ ਦੇ ਹਿਰਦੇ ਠੰਡ ਪਵੇਗੀ।’ ਮਰਦਾਨਾ ਜੀ ਕਹਣਿ ਲੱਗੇ ‘ਨਾਨਕੀ ਜੀ! ਮੈਂ ਧੰਨਭਾਗੀ ਹਾਂ ਜੋ ਤੁਹਾਡਾ ਸੁਭਾਗਾ ਸਾਥ ਮਿਲਿਆ ਹੈ।’

ਬੱਸ, ਫਿਰ ਕੀ ਸੀ, ਹੋ ਗਿਆ ਸ਼ੁਰੂ ਸੱਚਖੰਡੀ ਨਜ਼ਾਰਾ। ਮੋਦੀਖਾਨੇ (ਆਫਿਸ) ਜਾਣ ਤੋਂ ਪਹਿਲਾਂ ਅਤੇ ਬਾਦ ਵਿੱਚ ਜਨਤਕ ਥਾਂ ਉੱਪਰ (Public Place) ਸਵੇਰੇ ਤੇ ਸ਼ਾਮ ਗੁਰੂ ਸਾਹਿਬ ਜੀ ਰੱਬੀ ਉਪਦੇਸ਼ (ਗੁਰਬਾਣੀ) ਨੂੰ ਗਾਉਂਦੇ ਅਤੇ ਮਰਦਾਨਾ ਜੀ ਬਹੁਤ ਹੀ ਸੁਰੀਲੀ ਰਬਾਬ ਵਜਾਉਂਦੇ। ਇਸ ਤਰਾਂ ਸੁਲਤਾਨਪੁਰ ਵਿੱਚ ਲਗਾਤਾਰ 7 ਸਾਲ ਅੰਮ੍ਰਿਤ ਰਸ ਦਾ ਪ੍ਰਵਾਹ ਚਲਦਾ ਰਿਹਾ।

gurgyanlearningcentre@gmail.com Website: www.sikhcommunity.net

Phone: +1-639-590-4464


***********************************************************************************

ਗੁਰੂ ਸਾਹਿਬ ਜੀ ਵਾਹਿਗੁਰੂ ਜੀ ਦੇ ਪਿਆਰ ਵਿੱਚ ਭਿੱਜੇ ਹੋਏ ਮੋਦੀਖਾਨੇ ਵਿੱਚ ਆਪਣੀ ਤਨਖਾਹ ਵਿੱਚੋਂ ਗਰੀਬਾਂ ਨੂੰ ਮੁਫ਼ਤ ਰਾਸ਼ਣ ਤੇਰਾਂ ਤੇਰਾਂ (ਭਾਵ ਕਿ ਹੇ ਵਾਹਿਗੁਰੂ ਜੀ ਮੈਂ ਤੇਰਾ ਹੀ ਹਾਂ) ਕਹਿ ਕੇ ਚੁਕਾ ਦਿੰਦੇ ਸਨ। ਜਦੋਂ ਗੁਰੂ ਸਾਹਿਬ ਜੀ ਮੋਦੀ ਖਾਨੇ ਦੀ ਨੌਕਰੀ ਛੱਡ ਕੇ ਰੱਬੀ ਸਿੱਖਿਆਵਾਂ ਦਾ ਖਜ਼ਾਨਾਂ ਵੰਡਣ ਲਈ ਦੁਨੀਆਂ ਭਰ ਵਿੱਚ ਗੁਰਬਾਣੀ ਪ੍ਰਚਾਰ ਲਈ ਨਿੱਕਲੇ ਤਾਂ ਮਰਦਾਨਾ ਜੀ ਸੱਚੇ ਸਾਥੀ ਬਣ ਕੇ ਨਾਲ ਰਹਿਣ ਲਈ ਤਿਆਰ ਹੋ ਗਏ।

ਸਭ ਤੋਂ ਪਹਿਲਾਂ ਸਯਦਪੁਰ ਤੇ ਸਿਆਲਕੋਟ ਦੇ ਇਲਾਕੇ ਤੋਂ ਪ੍ਰਚਾਰ ਸ਼ੁਰੂ ਕਰਨ ਸਮੇਂ ਗੁਰੂ ਸਾਹਿਬ ਜੀ ਅਤੇ ਮਰਦਾਨਾ ਜੀ ਆਪਣੇ ਜੱਦੀ ਪਿੰਡ ਰਾਇ ਭੋਇੰ ਦੀ ਤਲਵੰਡੀ ਗਏ ਅਤੇ ਪਿੰਡ ਤੋਂ ਬਾਹਰ ਹੀ ਠਹਿਰ ਗਏ। ਮਰਦਾਨਾਂ ਜੀ ਨੇ ਆਪਣੇ ਪਰਿਵਾਰ ਨੂੰ ਬੁਲਾਇਆ ਤੇ ਦੱਸਿਆ ਕਿ ਮੈਂ ਤਾ ਗੁਰੂ ਸਾਹਿਬ ਜੀ ਨਾਲ ਵਿਸ਼ਵ ਵਿਆਪੀ ਪਰਉਪਕਾਰ ਮਿਸ਼ਨ ਲਈ ਜਾਣਾਂ ਹੈ। ਇਸ ਸਮੇਂ ਦੋਹਾਂ ਪਰਿਵਾਰਾਂ ਨੇ ਬਹੁਤ ਰੋਕਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਜੀ ਅਤੇ ਮਰਦਾਨਾਂ ਜੀ ਨੇ ਮੋਹ ਦੀਆਂ ਤੰਦਾਂ ਤੋਂ ਉੱਪਰ ਉੱਠ ਕੇ ਪਰਉਪਕਾਰ ਲਈ ਆਪਾ ਵਾਰਨ ਦੇ ਜਜ਼ਬੇ ਦਾ ਮੁੱਢ ਬੰਨ੍ਹ ਦਿੱਤਾ।

ਮਰਦਾਨਾਂ ਜੀ ਗੁਰੂ ਸਾਹਿਬ ਜੀ  ਦੇ ਚਾਰੇ ਉਦਾਸੀਆਂ ਸਮੇ ਨਾਲ ਹੀ ਰਹੇ। ਹਰ ਦੁੱਖ ਸੁਖ ਗੁਰੂ ਸਾਹਿਬ ਜੀ ਹੰਢਾਇਆ ਅਤੇ ਗੁਰੂ ਪਿਤਾ ਜੀ ਦੇ ਹਰ ਹੁਕਮ ਨੂੰ ਖਿੜੇ ਮੱਥੇ ਮੰਨਣ ਦੀ ਮਿਸਾਲ ਪੈਦਾ ਕਰ ਦਿੱਤੀ। ਗੁਰੂ ਸਾਹਿਬ ਜੀ ਦੀ ਹਰ ਭਾਵਨਾਂ ਨੂੰ ਮਰਦਾਨਾਂ ਜੀ ਨੁ ਹੂਬਹੂ ਸਮਝਿਆ ਵੀ ਓਤੇ ਆਪਣੇ ਹਿਰਦੇ ਦੀ ਗਹਿਰਾਈ ਵਸਾ ਕੇ ਉਸ ਨੂੰ ਜੀਅ ਕੇ ਦਿਖਾ ਦਿੱਤਾ। ਮਾਰੂਥਲਾਂ ਦੇ ਨਿਖੜੇ ਪੈਂਡੇ ਗੁਰੂ ਸਾਹਿਬ ਜੀ ਨਾਲ ਗਾਹੇ, ਜੰਗਲਾਂ ਦੇ ਭਿਆਨਕ ਮਹੌਲ ਦੇਖੇ, ਰੁੱਤਾਂ ਕਰੁੱਤਾਂ ਪਿੰਡੇ ਤੇ ਹੰਢਾਈਆਂ, ਲੋਕਾਂ ਦੇ ਕੌੜੇ ਕੁਸੈਲੇ ਬੋਲ ਕਬੋਲ ਤੇ ਵਿਵਹਾਰ ਵੀ ਅੱਪਣੇ ਉੱਪਰ ਝੱਲੇ ਅਤੇ ਜਾ ਗੁਰੂ ਸਾਹਿਬ ਜੀ ਨੇ ਕਿਹਾ, ਉਸ ਨੂੰ ਉਸੇ ਤਰਾਂ ਮੰਨਿਆ।

ਗੁਰੂ ਸਾਹਿਬ ਜੀ ਨੇ ਜੋ ਉਪਦੇਸ਼ ਲੋਕਾਂ ਨੂੰ ਦਿੱਤੇ ਤਾਂ ਗੁਰੂ ਸਾਹਿਬ ਜੀ ਨੇ ਹਰ ਉਪਦੇਸ਼ ਨੂੰ ਮਰਦਾਨਾਂ ਜੀ ਆਪਣੂ ਜੀਵਨ ਵਿੱਚ ਕੀਅ ਕੇ ਦਿਖਾ ਦਿੱਤਾ।

ਗੁਰੂ ਸਾਹਿਬ ਜੀ ਵੱਲੋਂ ਜਦੋਂ ਬੇਅੰਤ ਨਿਰਗੁਣਆਰਿਆਂ ਨੂੰ ਗੁਣਵੰਤੇ ਬਣਾਇਆ, ਗੁਣਵੰਤਿਆਂ ਨੂੰ ਪਰਉਪਕਾਰੀ ਸੁਗੰਧੀਆਂ ਫੈਲਾਉਣ ਵਾਲੇ ਪ੍ਰਚਾਰਕ ਬਣਾਏ, ਜੋ ਵੀ ਸ਼ਰਧਾਲੂ ਮੁਰੀਦ ਬਣਿਆ ਤਾਂ ਉਸੇ ਦੇ ਘਰ ਨੂੰ ਧਰਮਸਾਲਾ ਬਣਾਇਆ, ਵੱਡੇ ਵੱਡੇ ਹੰਕਾਰੀਆਂ ਨੂੰ ਵਿਚਾਰ ਤੇ ਦਲੀਲ ਨਾਲ ਜਿੱਤਿਆ ਅਤੇ ਜੀਵਨਾਂ ਵਿੱਚ ਬਾ-ਕਮਾਲ ਤਬਦੀਲੀਆਂ ਦੇ ਵਰਤਾਰੇ ਵਾਪਰੇ। ਇਹ ਸਭ ਨਜਾਰਿਆਂ ਨੂੰ ਮਰਦਾਨਾ ਜੀ ਨੇ ਬਹੁਤ ਨੇੜਿਓਂ ਤੱਕਿਆ, ਜਿੰਦਗੀ ਵਿੱਚ ਹੰਢਾਇਆ ਅਤੇ ਇਹਨਾਂ ਵਰਤਾਰਿਆਂ ਵਿੱਚ ਗੁਰੂ ਸਾਹਿਬ ਜੀ ਦਾ ਸਾਥ ਦੇਣ ਲਈ ਸਹਿਯੋਗੀ (ਸਾਧਨ) ਬਣ ਕੇ ਅਤੇ ਸਾਰੀ ਉਮਰ ਸਾਥ ਨਿਭਾਇਆ।

********************************************************************************

ਸੰਨ ਈਸਵੀ 1520 ਵਿੱਚ 61 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਸਾਹਿਬ ਜੀ ਦੇ ਸੱਚੇ ਸਾਥੀ ਅਤੇ ਗੁਰੂ ਸਾਹਿਬ ਜੀ ਵੱਲੋਂ ਦੁਨੀਆਂ ਦੇ ਭਲੇ ਲਈ ਸ਼ੁਰੂ ਕੀਤੇ ਪਰਉਪਕਾਰੀ ਮਿਸ਼ਨ ਦੇ ਸੱਚੇ ਸਹਿਯੋਗੀ ਬਨਣ ਦੀ ਮਿਸਾਲ ਬਣ ਕੇ ਦਿਖਾ ਦਿੱਤਾ।

ਸਿੱਖਿਆ: ਭਾਈ ਮਰਦਾਨਾਂ ਜੀ ਦੇ ਜੀਵਨ ਤੋਂ ਸਿੱਖਿਆ ਮਿਲਦੀ ਹੈ ਕਿ 'ਸਦੀਵੀ ਨਿਭਣ ਵਾਲਾ ਸੱਚਾ ਪਿਆਰ' ਜ਼ਿੰਦਗੀ ਵਿੱਚ ਜਿਉਣ ਲਈ 'ਖਿੜੇ ਮੱਥੇ ਮੰਨਣ ਦੀ ਭਾਵਨਾਂ' ਚਾਹੀਦੀ ਹੈ ਅਤੇ ਗੁਰੂ ਸਾਹਿਬ ਜੀ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਆਪਾ ਵਾਰ ਕੇ ਮਿਸ਼ਨ ਦੇ ਪਾਂਧੀਆਂ ਦੇ ਸਚੇ ਸਹਿਯੋਗੀ ਬਨਣਾ ਚਾਹੀਦਾ ਹੈ। ਕਦੀ ਵੀ ਚੰਗੇ ਕੰਮਾਂ ਦੇ ਰਾਹ ਵਿੱਚ ਰੁਕਾਵਟ ਵੀ ਨਹੀਂ ਬਨਣਾ ਚਾਹੀਦਾ ਅਤੇ ਨਾਂ ਹੀ ਰੁਕਾਵਟ ਪਾਉਣ ਵਾਲਿਆਂ ਦਾ ਸਹਿਯੋਗ ਦੇਣਾ ਚਾਹੀਦਾ ਹੈ।

Ref: https://www.allaboutsikhs.com/biographies/early-gursikhs/early-gursikhs-bhai-mardana-ji/

********************************************************************************







To do 'Sehaj Path with meanings':

ਇਹ ਲਹਿਰ ਘਰ ਘਰ ਤੱਕ ਪਹੁੰਚਾ ਦੇਵੋ ਜੀ: ਰੋਜ਼ਾਨਾਂ ਅੱਧਾ ਘੰਟਾ 'ਗੁਰੂ ਸਾਹਿਬ ਜੀ' ਨਾਲ ਬਿਤਾਉ ਅਤੇ ਸਭ ਤੋਂ ਸੌਖੇ ਤਰੀਕੇ ਨਾਲ ਯੂ-ਟਿਊਬ ਰਾਹੀਂ "ਅਰਥਾਂ ਸਮੇਤ ਸਹਿਜ ਪਾਠ" ਕਰਨ ਲਈ ਕਲਿੱਕ ਕਰੋ ਜੀ। Spend half an hour daily with Guru Sahib Ji and click below to do "Sehaj Paath with Meaning" through YouTube, in the easiest way:

- ✓ go to https://youtube.com/playlist?list=PLFISojhXryWp70Dt4zaX_3CGTTE9bpavp
- ✓ Click on button SUBSCRIBE
- ✓ click on Playlist 'SGGS Sehaj Path with Menings'

********************************************************************************